# ਕੇਂਦਰੀ ਵਿਦਿਆਲਿਆ ਦਾ ਨਤੀਜਾ ਰਿਹਾ ਸ਼ਾਨਦਾਰ



**ਲੌਂਗੋਵਾਲ, 15 ਜੁਲਾਈ @ ਪੰਜਾਬੀ ਸਪੈਕਟ੍ਰਮ ।(ਜਗਸੀਰ ਲੌਂਗੋਵਾਲ )** – ਕੇਂਦਰੀ ਵਿਦਿਆਲਿਆ ਸਲਾਈਟ ਲੌਂਗੋਵਾਲ ਦਾ 10ਵੀਂ ਸ਼੍ਰੇਣੀ ਦਾ ਨਤੀਜਾ ਪਿਛਲੇ 5 ਸਾਲਾਂ ਦੀ ਤਰ੍ਹਾਂ ਇਸ ਸਾਲ ਵੀ 100 ਫ਼ੀਸਦੀ ਆਇਆ ਹੈ। ਸਕੂਲ ਦੇ ਪ੍ਰਿੰਸੀਪਲ ਸ਼੍ਰੀ ਸੰਜੇ ਨੇ ਦੱਸਿਆ ਕਿ ਵਿਦਿਆਲਿਆ ਦੀ ਵਿਦਿਆਰਥਣ ਲਾਵਣਿਆ ਸਿੰਘ ਨੇ 93.66 % ਅੰਕ ਪ੍ਰਾਪਤ ਕਰ ਕੇ ਪਹਿਲਾ ਸਥਾਨ, ਕਾਮਕਸ਼ੀ ਗੋਇਲ ਨੇ 93.16 % ਅੰਕ ਪ੍ਰਾਪਤ ਕਰ ਕੇ ਦੂਜਾ ਅਤੇ ਲਵੀਨਾ ਰਾਣੀ ਨੇ 89.83 % ਅੰਕ ਪ੍ਰਾਪਤ ਕਰ ਕੇ ਤੀਜਾ ਸਥਾਨ ਪ੍ਰਾਪਤ ਕੀਤਾ ਹੈ। ਇਸੇ ਤਰ੍ਹਾਂ 12ਵੀਂ ਸ਼੍ਰੇਣੀ ਵਿੱਚੋਂ ਸੁਖਮੀਤ ਕੌਰ 91 %, ਬਲਵਿੰਦਰ ਕੌਰ 89 % ਅਤੇ ਸਤਵਿੰਦਰ ਸਿੰਘ 88.1% ਅੰਕ ਪ੍ਰਾਪਤ ਕਰ ਕੇ ਕ੍ਰਮਵਾਰ ਪਹਿਲੇ ਤਿੰਨ ਸਥਾਨਾਂ ‘ਤੇ ਰਹੇ ਹਨ।